


ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 16 * Issue 159
Daily Newspaper Wednesday, August 23, 2017
Tel: 905-793-2202 Fax: 905-793-2282 news@punjabipost.ca




# ਰਿਕਾਰਡ ਸਥਾਪਿਤ ਕਰ ਗਿਆ ਕੈਨੇਡਾ ਕਬੱਡੀ ਕੱਪ-2017




ਬਰੈਪਟਨ• 22 ਅਗਸਤ (ਪੋਸਟ ਬਿਓਰੋ)- ਕੈਨੇਡਾ ਕਬੱਡੀ ਕੱਪ-2017 ਜੋ ਕਿ ਬੀਤੇ ਐਤਵਾਰ ਬਰੈਪਟਨ ਦੇ ਪਾਵਰਏਡ ਸੈਂਟਰ ਵਿਖੇ ਡਿਕਸੀ ਟੋਰਾਂਟੋ ਯੂਨਾਈਟਡ ਸਪੋਰਟਸ ਕਲੱਬ ਵਲੋਂ ਕਰਵਾਇਆ ਗਿਆ, ਕਈ ਨਵੇ ਰਿਕਾਰਡ ਸਥਾਪਿਤ ਕਰ ਗਿਆ। ਇਹ ਕੱਪ ਹਫ਼ਤਾ ਪਹਿਲਾਂ ਸੋਲਡ ਆਊਟ ਹੋ ਗਿਆ ਸੀ। ਆਖਰੀ ਰੇਡ ਤੱਕ ਦਰਸ਼ਕਾ ਨੇ ਖੇਡ ਦਾ ਆਨੰਦ ਮਾਣਿਆ। ਕਿਸੇ ਕਿਸਮ ਦੀ ਕੋਈ ਵੀ ਮੰਦਭਾਗੀ ਘਟਨਾ ਨਹੀ ਵਾਪਰੀ। ਕੈਨੇਡਾ ਈਸਟ ਦੀ ਟੀਮ ਦੀ ਜਿੱਤ ਨੇ ਟੋਰਾਂਟੋ ਦੇ ਕਬੱਡੀ ਪ੍ਰੇਮੀਆਂ ਦੇ ਸਨਮਾਨ ਵਿਚ ਪੂਰਾ ਵਾਧਾ ਕੀਤਾ। ਸਾਰੇ ਮੈਚ ਬਰਾਬਰ ਫਸ ਕੇ ਚੱਲੇ। 21 ਸਾਲ ਤੋ ਘੱਟ ਉਮਰ ਦੀਆਂ 4 ਤੇ ਓਪਨ ਦੀਆਂ 7 ਟੀਮਾਂ ਨੇ ਭਾਗ ਲਿਆ। ਇੰਗਲੈਡ ਦੀਆਂ ਦੋ ਟੀਮਾਂ ਤੇ ਕੈਨੇਡਾ ਵੈਸਟ ਦੀਆਂ ਦੋ ਟੀਮਾਂ ਨੇ ਸਮੂਲੀਅਤ ਕੀਤੀ। ਪਹਿਲੇ ਓਪਨ ਮੈਚ ਵਿਚ ਕੈਨੇਡਾ ਵੈਸਟ ਨੇ ਯੂਐਸਏ ਨੂੰ 36 ਦੇ ਮੁਕਾਬਲੇ 41 ਅੰਕਾਂ ਨਾਲ ਹਰਾਇਆ। ਇੰਗਲੈਡ ਰੈਡ ਦੇ 37 ਤੇ ਇੰਗਲੈਡ ਬਲੂਅ ਦੇ 39 ਅੰਕ ਰਹੇ। ਕੈਨੇਡਾ ਵੈਸਟ ਨੇ ਇੰਡੀਆ ਨੂੰ 33 ਦੇ ਮੁਕਾਬਲੇ 39 ਅੰਕਾਂ ਨਾਲ ਹਰਾਇਆ। ਕੈਨੇਡਾ ਈਸਟ ਨੇ ਇੰਗਲੈਡ ਬਲੂਅ ਨੂੰ 28 ਦੇ ਮੁਕਾਬਲੇ 39 ਅੰਕਾਂ ਨਾਲ ਜਿੱਤਿਆ। ਕੈਨੇਡਾ ਵੈਸਟ ਨੇ 45 ਅੰਕ ਲੈ ਕੇ 3 ਅੰਕ ਹਾਸਿਲ ਕਰਨ ਵਾਲੀ ਇੰਡੀਆ ਦੀ ਟੀਮ ਨੂੰ ਜਿੱਤਿਆ। ਇਸੇ ਤਰ੍ਹਾਂ ਢੇਸੀ ਵਾਲੀ ਕੈਨੇਡਾ ਵੈਸਟ ਦੀ ਟੀਮ ਨੇ ਯੂਐਸਏ ਤੋ 40 ਦੇ ਮੁਕਾਬਲੇ 25 ਅੰਕ ਹਾਸਿਲ ਕਰਕੇ ਹਾਰ ਖਾਧੀ। ਪਹਿਲੇ ਸੈਮੀਫਾਈਨਲ ਵਿਚ ਕੈਨੇਡਾ ਵੈਸਟ ਦੀ ਟੀਮ ਦੇ 43 ਅਤੇ ਇੰਗਲੈਡ ਦੀ ਟੀਮ ਦੇ 43 ਅੰਕਾਂ ਰਹੇ।

ਦੂਜੇ ਸੈਮੀਫਾਈਨਲ ਵਿਚ ਕੈਨੇਡਾ ਈਸਟ ਨੇ ਯੂਐਸਏ ਨੂੰ 40 ਦੇ ਮੁਕਾਬਲੇ 46 ਅੰਕਾਂ ਨਾਲ ਹਰਾਇਆ। ਫਾਈਨਲ ਮੈਚ ਵਿਚ ਕੈਨੇਡਾ ਈਸਟ ਦੇ 53 ਤੇ ਕੈਨੇਡਾ ਵੈਸਟ ਦੇ 48 ਅੰਕ ਰਹੇ। ਕਮਲ ਟਿੱਬਾ ਉਤਮ ਜਾਫ਼ੀ ਤੇ ਸੰਦੀਪ ਲੁੱਧੜ ਉਤਮ ਧਾਵੀ ਰਿਹਾ। ਅੰਡਰ-21 ਦੇ ਮੁਕਾਬਲੇ ਵਿਚ ਵੀ ਕੈਨੇਡਾ ਈਸਟ ਜੇਤੂ ਰਹੀ।


ਬੈਸਟ ਸਟੌਪਰ ਨੂੰ ਸਨਮਾਨਿਤ ਕਰਦੇ ਮੇਜਰ ਨੱਤ ਤੇ ਹੋਰ

## ਸਿਆਸੀ ਆਗੂਆਂ ਦੀ ਸ਼ਮੂਲੀਅਤ ਰਹੀ ਘੱਟ

ਇਸ ਟੂਰਨਾਮੈਂਟ ਦੀ ਓਪਨਿੰਗ ਮੌਕੇ ਸਿਰਫ਼ ਰਾਜ ਗਰੇਵਾਲ ਮੈਂਬਰ ਪਾਰਲੀਆਮੈਂਟ ਪਹੁੰਚੇ ਤੇ ਬਾਅਦ ਵਿਚ ਵਿਰੋਧੀ ਧਿਰ ਦੇ ਆਗੂ ਪੈਟ੍ਰਿਕ ਬ੍ਰਾਊਨ, ਮੇਅਰ ਲਿੰਡਾ ਜਾਫਰੀ, ਕੌਂਸਲਰ ਗੁਰਪ੍ਰੀਤ ਢਿੱਲੋਂ• ਸਕੂਲ ਟਰੱਸਟੀ ਹਰਕੀਰਤ ਸਿੰਘ ਤੇ ਅਵਤਾਰ ਮਿਨਹਾਸ ਸ਼ਾਮਲ ਸਨ। ਪ੍ਰੋਵੀਨਸ਼ੀਅਲ ਲਿਬਰਲ ਸਰਕਾਰ ਦਾ ਕੋਈ ਵੀ ਨੁਮਾਇੰਦਾ ਨਜ਼ਰ ਨਹੀ.ਆਇਆ ਤੇ ਨਾ ਹੀ ਕੋਈ ਹੋਰ ਐਮ ਪੀ ਦੇਖਣ ਨੂੰ ਮਿ-ਲਆ। ਮਾਰਖਮ ਤੋਂ ਐਮ ਪੀ ਬੌਬ ਸਰੋਆ ਨੇ ਹਾਜਰੀ ਲਗਵਾਈ ਤੇ ਕਲੱਬ ਵਲੋ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

ਕਲੱਬ ਅਤੇ ਫੈਡਰੇਸ਼ਨ ਮੈਂਬਰ ਪਾਕਿਸਤਾਨ ਦੀ ਟੀਮ ਦੇ ਵੀਜ਼ੇ ਨਾ ਲੱਗਣ ਕਰਕੇ ਨਿਰਾਸ਼ ਨਜ਼ਰ ਆ ਰਹੇ ਸਨ। ਪ੍ਰਧਾਨ ਦਲਜੀਤ ਸਹੋਤਾ ਨੂੰ ਪੂਰਾ ਯਕੀਨ ਸੀ ਕਿ ਪਾਕਿਸਤਾਨ ਦੀ ਟੀਮ ਜਰੂਰ ਖੇਡੇਗੀ, ਪਰ ਲਿਬਰਲ ਦੇ ਵਾਅਦੇ ਲਾਰੇ ਹੀ ਰਹਿ ਗਏ। ਹੁਣ ਤੱਕ ਦੋ ਵਾਰ ਪਾਕਿਸਤਾਨ ਦੀ ਟੀਮ ਕੈਨੇਡਾ ਖੇਡ ਚੁੱਕੀ ਹੈ। ਦੋਵੇ ਵਾਰ ਇਹ ਟੀਮ ਸ: ਗੁਰਬਖਸ਼ ਸਿੰਘ ਮੱਲ੍ਹੀ ਨੇ ਆਪਣੀ ਜ਼ਿੰਮੇਵਾਰੀ ਉਤੇ ਮੰਗਵਾਈ ਸੀ। ਹੁਣ 18 ਭਾਰਤੀ ਮੂਲ ਦੇ ਮੈਂਬਰ ਪਾਰਲੀਆਮੈਂਟ ਹਨ, ਪਰ ਇਨ੍ਹਾਂ ਵਲੋ ਪਾਕਿ-ਸਤਾਨ ਦੇ 10 ਖਿਡਾਰੀਆਂ ਦੇ ਵੀਜ਼ੇ ਨਾ ਲਗਵਾਉਣ ਦੀ ਸਮਰੱਥਾ ਤੋਂ ਸਾਰੇ ਕਬੱਡੀ ਪ੍ਰੇਮੀ ਨਾਰਾਜ ਹਨ।

## ਹਜ਼ਾਰਾਂ ਲੋਕ ਵਾਪਸ ਪਰਤੇ

ਕੈਨੇਡਾ ਕਬੱਡੀ ਕੱਪ 2017 ਇਕ ਹਫ਼ਤਾ ਪਹਿਲਾਂ ਸੋਲਡ ਆਊਟ ਹੋ ਚੁੱਕਿਆ ਸੀ। ਅਖੀਰਲੇ ਹਫ਼ਤੇ ਵਿਚ ਟਿਕਟਾਂ ਦੀ ਮੰਗ ਬਹੁਤ ਵਧ ਗਈ, ਪਰ ਟਿਕਟ ਕਿਧਰੇ ਮਿਲ ਨਹੀ ਸੀ ਰਹੀ । ਪ੍ਰਬੰਧਕਾਂ ਨੇ ਦੱਸਿਆ ਕਿ ਪਹਿਲੀ ਵਾਰ ਅਹਿਸਾਸ ਹੋਇਆ ਕਿ ਕਬੱਡੀ ਦੀਆਂ ਟਿਕਟਾਂ ਲਈ ਇੰਝ ਸਿਫਾਰਿਸ਼ਾਂ ਪੈਣਗੀਆਂ। ਵੀਂ ਆਈ ਪੀ ਪਾਸ ਤੇ ਬੈਡ ਹੋਲਡਰਾਂ ਦੀ ਗਿਣਤੀ ਕਰੀਬ 1500 ਦੇ ਕਰੀਬ ਅੱਪੜ ਗਈ ਸੀ। ਕਿਸੇ ਪਾਸੇ ਵੀ ਕੋਈ ਵੀ ਸੀਟ ਖਾਲੀ ਨਜ਼ਰ ਨਹੀ ਆ ਰਹੀ ਸੀ। ਮੁਫ਼ਤ ਵਿਚ ਪਾਸ ਲੈਣ ਵਾਲਿਆ ਦਾ ਤਾਂਤਾ 5 ਵਜੇ ਤੱਕ ਲੱਗਿਆ ਰਿਹਾ। ਸਾਢੇ 4 ਵਜੇ ਰੀ-ਐਂਟਰੀ ਬੰਦ ਹੋ ਗਈ ਸੀ। ਇਕ ਅੰਦਾਜੇ ਮੁਤਾਬਿਕ 1 ਹਜ਼ਾਰ ਤੋ ਵੱਧ ਲੋਕ ਜੋ ਇਸ ਆਸ ਨਾਲ ਉਥੇ ਖੜ੍ਹੇ ਸਨ ਕਿ ਸ਼ਾਇਦ ਸਾਨੂੰ ਟਿਕਟ ਮਿਲ ਜਾਵੇਗੀ, ਉਨ੍ਹਾਂ ਨੂੰ ਵੀ ਨਿਰਾਸ਼ ਹੋ ਕੇ ਜਾਣਾ ਪਿਆ।


ਬੈਸਟ ਰੇਡਰ ਨੂੰ ਸਨਮਾਨਿਤ ਕਰਦੇ ਦਲਜੀਤ ਸਹੋਤਾ ਤੇ ਹੋਰ

# ਕਈ ਅਹਿਮ ਸ਼ਖਸ਼ੀਅਤਾਂ ਦਾ ਗੋਲਡ ਮੈਡਲ ਨਾਲ ਸਨਮਾਨ





ਬੰਤ ਸਿੰਘ ਨਿੱਜਰ 1981 ਵਿਚ ਕੈਨੇਡਾ ਆਇਆ ਅਤੇ 1982 ਤੋ ਕਬੱਡੀ ਨਾਲ ਜੁੜਿਆ ਹੋਇਆ ਹੈ। ਪਹਿਲਾਂ -ਪਹਿਲਾਂ ਇਨ੍ਹਾਂ ਵਲੋ ਰੈਕਸਡੇਲ ਸਪੋਰਟਸ ਕਲੱਬ ਬਥਾਈ ਗੀ ਜਿਥੇ ਇਨ੍ਹਾਂ ਦੀ ਟੀਮ ਨੇ ਇਨ੍ਹਾਂ ਦੀ ਅਗਵਾਈ ਵਿਚ ਕਈ ਟੂਰਨਾਮੈਟ ਖੇਡੇ ਤੇ ਜਿੱਤੇ। ਬਾਅਦ ਵਿਚ ਇਹ ਕਲੱਬ ਮੈਟਰੋ ਦੇ ਨਾਮ ਨਾਲ ਮਸ਼ਹੂਰ ਹੋਈ। ਹੁਣ ਪਿਛਲੇ ਕਈ ਸਾਲਾਂ ਤੋ ਡਿਕਸੀ ਟੋਰਾਂਟੋ ਯੂਨਾਈਟਡ ਸਪੋਰਟਸ ਕਲੱਬ ਨਾਲ ਜੁੜੇ ਹੋਏ ਹਨ। ਬੰਤ ਸਿੰਘ ਨਿੱਜਰ ਦੀ ਕਲੱਬ ਨੇ ਹੀ 1991 ਵਿਚ ਕੈਨੇਡਾ ਕਬੱਡੀ ਕਪ ਦੀ ਸ਼ੁਰੂਆਤ ਕੀਤੀ ਸੀ। ਜੋ ਕਿ ਅੱਜ ਪੂਰੀ ਦੁਨੀਆ ਵਿਚ ਮਸ਼ਹੂਰ ਹੈ। ਇਨ੍ਹਾਂ ਦਾ ਕਬੱਡੀ ਪ੍ਰਤੀ ਸੇਵਾਵਾਂ ਨੂੰ ਧਿਆਨ ਵਿਚ ਰੱਖਦਿਆਂ ਇਨ੍ਹਾਂ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ।

ਇਸੇ ਤਰ੍ਹਾਂ ਬੀਸੀ ਕਬੱਡੀ ਫੈਡਰੇਸ਼ਨ ਦੇ ਪ੍ਰੈਜ਼ੀਡੈਂਟ ਗਿਆਨ ਸਿੰਘ ਬਿਨਿੰਗ ਨੂੰ ਉਨ੍ਹਾਂ ਦੀਆਂ ਕਬੱਡੀ ਪ੍ਰਤੀ ਦਿਤੀਆਂ ਸੇਵਾਵਾਂ ਦੇ ਬਦਲੇ ਸੋਨੇ ਦੇ ਤਗਮੇ ਨਾਲ ਸਨਮਾਨਿਤ ਕੀਤਾ ਗਿਆ। ਅਮਰੀਕਾ ਦੇ ਬੇਅ ਏਰੀਆ ਵਿਚ ਕਬੱਡੀ ਨੂੰ ਪ੍ਰਫੁੱਲਤ ਕਰਨ ਲਈ ਕੀਤੀ ਅਣਥੱਕ ਮਿਹਨਤ ਅਤੇ ਅਮਰੀਕਾ ਦੀ ਕਬੱਡੀ ਟੀਮ ਦੇ ਕੋਚ ਬਲਜੀਤ ਸਿੰਘ ਸੰਧੂ ਨੂੰ ਵੀ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਸੰਧੂ ਭਰਾਵਾਂ ਦਾ ਜਿਥੇ ਅਮਰੀਕਾ ਦੀ ਕਬੱਡੀ ਵਿਚ ਵੱਡਾ ਨਾਮ ਹੈ, ਉਥੇ ਹੀ ਪੰਜਾਬ ਦੇ ਪਿੰਡ ਰੁੜਕੇ ਵਿਖੇ ਇਨ੍ਹਾਂ ਵਲੋ ਹਰ ਸਾਲ ਵੱਡਾ ਕੱਪ ਕਰਵਾਇਆ ਜਾਂਦਾ ਹੈ।ਇਨ੍ਹਾਂ ਨੇ ਸੈਕੜੇ ਪੰਜਾਬੀ ਨੌਜਵਾਨਾਂ ਨੂੰ ਕਬੱਡੀ ਨਾਲ ਜੋੜਿਆ ਹੈ। ਪੰਜਾਬ ਵਿਚੋ ਉਚੇਚੇ ਤੌਰ ਉਤੇ ਆਏ ਸਾਬਕਾ ਕਬੱਡੀ ਖਿਡਾਰੀ ਕੁਲਵਿੰਦਰ ਸਿੰਘ ਮੱਲ੍ਹੀ, ਇੰਗਲੈਂਡ ਦੀ ਕਬੱਡੀ ਪ੍ਰੋਮੋਟਰ ਰਛਪਾਲ ਸਿੰਘ ਅਟਵਾਲ (ਸ਼ੀਰਾ ਸ਼ੰਮੀਪੁਰ) ਨੂੰ ਵੀ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ।

ਜਸਵੀਰ ਸਿੰਘ ਹੁੰਦਲ, ਜਿਨ੍ਹਾਂ ਨੇ ਕੈਨੇਡਾ ਵਿਚ ਟਰੈਕ ਐਂਡ ਫੀਲਡ ਵਿਚ ਕਾਫ਼ੀ ਨਾਮ ਕਮਾਇਆ ਹੈ। ਜਸਵੀਰ ਸਿੰਘ ਹੁੰਦਲ ਨੂੰ ਵਰਲਡ ਮਾਸਟਰ ਟਰੈਕ ਐਡ ਫੀਲਡ ਟਰਿੱਪਲ ਜੰਪ ਵਿਚ ਸਿਲਵਰ ਮੈਡਲ, ਤਿੰਨ ਵਾਰ ਨਾਰਥ ਅਮਰੀਕਨ, ਸੈਂਟਰਲ ਅਮਰੀਕਨ ਅਤੇ ਕੈਰੇਬੀਅਨ ਖੇਡਾਂ ਵਿਚ ਗੋਲਡ ਮੈਡਲ, ਦਸ ਵਾਰ ਟਰੈਕ ਐਡ ਫੀਲਡ ਲਾਂਗ ਜੰਪ, ਟ੍ਰਿਪਲ ਜੰਪ ਤੇ ਹਾਈ ਜੰਪ ਵਿਚ ਗੋਲਡ ਮੈਡਲ ਜਿੱਤ ਚੁੱਕੇ ਹਨ। ਇਸ ਤਰ੍ਹਾਂ ਹੁੰਦਲ ਓਟਾਰੀਓ ਦੇ 12 ਵਾਰ ਗੋਲਡ ਮੈਡਲਿਸਟ ਹਨ। ਜਸਵੀਰ ਸਿੰਘ ਹੁੰਦਲ, ਜੋ ਅੱਜ ਕੱਲ੍ਹ ਮਿਸੀਸਾਗਾ ਤੋ ਕੈਨੇਡਾ ਕੰਜਿਊਮਰ ਕ੍ਰੈਡਿਟ ਅਸਿਸਟੈਂਟ ਨਾਮ ਦੀ ਕੰਪਨੀ ਚਲਾ ਰਹੇ ਹਨ ਅਤੇ ਆਪਣੀ ਪ੍ਰੈਕਟਿਸ ਨੂੰ ਬਰਕਰਾਰ ਰੱਖ ਰਹੇ ਹਨ। ਇਸ ਵਿਚ ਕੋਈ ਅਤਿਕਥਨੀ ਨਹੀ ਕਿ ਜੇਕਰ ਕਿਹਾ ਜਾਵੇ ਕਿ ਜਸਵੀਰ ਸਿੰਘ ਹੁੰਦਲ ਟਰੈਕ ਐਂਡ ਫੀਲਡ ਦੀ ਖੇਤਰ ਵਿਚ ਸਭ ਤੋ ਵੱਧ ਮੈਡਲ ਜਾਬਤਾ ਹਨ।

ਇਸੇ ਤਰ੍ਹਾਂ ਪ੍ਰਸਿੱਧ ਮੈਰਾਥਾਨ ਦੌੜਾਕ ਸ: ਧਿਆਨ ਸਿੰਘ ਸੋਹਲ ਦਾ ਵੀ ਸਨਮਾਨ ਕੀਤਾ ਗਿਆ। ਧਿਆਨ ਸਿੰਘ ਸੋਹਲ ਜੋ ਕਿ ਬਾਬਾ ਫੌਜਾ ਸਿੰਘ ਬਾਅਦ ਸਿੱਖ ਭਾਈਚਾਰੇ ਦਾ ਨਾਮ ਚਮਕਾ ਰਹੇ ਹਨ ਅਤੇ ਇਹ ਬੌਸਟਨ ਮੈਰਾਥਾਨ ਲਈ ਕੁਆਲੀਫਾਈਡ ਹੋਣ ਵਾਲੇ ਪਹਿਲੇ ਸਰਦਾਰ ਹਨ।



## ਰੈਫਰੀਆਂ ਦੀ ਸ਼ਲਾਘਾ:

ਓਟਾਰੀਓ ਕਬੱਡੀ ਫੈਡਰੇਸ਼ਨ ਦੇ ਇਸ ਸਾਲ ਦੇ ਸਾਰੇ ਲੋਕਲ ਟੂਰਨਾਮੈਟ ਅਤੇ ਕੈਨੇਡਾ ਕਬੱਡੀ ਕੱਪਦੇ 4 ਰੈਫਰੀਆਂ ਵਲੋ ਖਿਡਾਵਾਇਆ ਗਿਆ।। ਇਨ੍ਹਾਂ ਵਿਚ ਸਾਬੀ ਜੰਡਾਲੀ• ਪੱਪੂ ਭਦੌੜ ਬਲਵੀਰ ਨਿੱਜਰ ਤੇ ਨੀਟਾ ਸਰਾਏ ਹਨ। ਕਰੀਬ 3 ਤੋ 4 ਦਹਾਦਿਆਂ ਤੋ ਇਹ ਕਬੱਡੀ ਨਾਲ ਜੁੜੇ ਹੋਏ ਹਨ। ਲੋਕਲ ਟੂਰਨਾਮੈਟ ਵਿਚ ਰੀ ਪਲੇਅ ਦੀ ਸਹੂਲਤ ਨਾ ਹੋਣ ਕਾਰਨ ਇਨ੍ਹਾਂ ਰੈਫਰੀਆਂ ਵਲੋ ਦਿੱਤੇ ਗਏ ਪੁਆਇੰਟ ਜੱਜਾਂ ਵਲੋ ਦਿੱਤੇ ਗਏ ਫੈਸਲਿਆਂ ਦਾ ਅਕਸਰ ਦਰਸ਼ਕਾਂ ਵਲੋ ਵਿਰੋਧ ਹੁੰਦਾ ਰਿਹਾ ਹੈ। ਕੈਨੇਡਾ ਕਬੱਡੀ ਕੱਪ 2017 ਵਿਚ ਕੁੱਲ 26 ਨੰਬਰਾਂ ਉਤੇ ਵਿਵਾਕ ਛਿੜਿਆ। 24 ਨੰਬਰਾਂ ਤੋ ਟੀਮਾਂ ਵਲੋ ਦੋ ਨੰਬਰਾਂ ਦਾ ਰੈਫਰੀਆਂ ਵਲੋ ਰੀਪਲੇਅ ਕਰਵਾਇਆ ਗਿਆ। ਇਨ੍ਹਾਂ ਚਾਰੇ ਰੈਫਰੀਆਂ ਵਲੋ ਇਸ ਗੱਲ ਉਤੇ ਸਤੁਸ਼ਟੀ ਜਤਾਈ ਗਈ ਕਿ ਵਿਵਾਦ ਗ੍ਰਸਤ 26 ਨੰਬਰਾਂ ਵਿਚੋ 24 ਫੈਸਲੇ ਰੈਫਰੀਆਂ ਦੇ ਹੱਕ ਵਿਚ ਗਏ। 2 ਅੰਕਾਂ ਦਾ ਫੈਸਲਾ ਕਰਨਾ ਬਹੁਤ ਮੁਸ਼ਕਿਲ ਸੀ। ਜੋ ਰੈਫਰੀਆਂ ਦੇ ਉਲਟ ਗਿਆ। ਉਨ੍ਹਾਂ ਜਿਥੇ ਰੀਪਲੇਅ ਸਿਸਟਮ ਚਲਾਉਣ ਲਈ 5 ਆਬ ਦਾ ਧੰਨਵਾਦ ਕੀਤਾ। ਉਥੇ ਕਬੱਡੀ ਪ੍ਰੇਮੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਪੂਰੀ ਇਮਾਨਦਾਰੀ ਤੇ ਲਗਨ ਨਾਲ ਸੇਵਾਵਾਂ ਦਿੰਦੇ ਹਨ। ਸਾਰੇ ਮੈਚ ਬਹੁਤ ਮਹੱਤਵਪੂਰਨ ਸਨ। 1-1 ਨੰਬਰ ਪਾਸਾ ਪਲਟ ਸਕਦਾ ਸੀ। ਉਨ੍ਹਾਂ ਦੀਆਂ ਇਨ੍ਹਾਂ ਸੇਵਾਵਾਂ ਦੀ ਫੈਡਰੇਸ਼ਨ ਵਲੋ ਵੀ ਸ਼ਲਾਘਾ ਕੀਤੀ ਗਈ।

## 5 ਆਬ ਟੀਵੀ ਪ੍ਰੋਗਰਾਮ ਕਵਰੇਜ ਦੀ ਚਰਚਾ:

ਕੈਨੇਡਾ ਕਬੱਡੀ ਕੱਪ ਦਾ ਪਹਿਲੀ ਵਾਰ ਸਿੱਧਾ ਪ੍ਰਸਾਰਣ ਹੋਇਆ। ਇਹ ਪ੍ਰਸਾਰਨ 5 ਆਬ ਟੀਵੀ ਤੇ ਸਰਦਾਰੀ ਟੀਵੀ ਵਲੋਂ ਕੀਤਾ ਗਿਆ। ਹਜ਼ਾਰਾਂ ਹੀ ਕਬੱਡੀ ਪ੍ਰੇਮੀਆਂ ਵਲੋ ਘਰ ਬੈਠ ਕੇ ਇਸ ਸੋਲਡ ਅਊਟ ਟੂਰਨਾਮੈਟ ਦਾ ਆਨੰਦ ਮਾਣਿਆ ਗਿਆ। ਪੂਰੇ ਟੂਰਨਾਮੈਟ ਨੂੰ ਸਟੇਡੀਅਮ ਵਿਚ ਵੱਡੀ ਸਕ੍ਰੀਨ ਉਤੇ ਵੀ ਦਿਖਾਇਆ ਗਿਆ। 5 ਆਬ ਦੀ ਟੀਮ ਵਲੋ ਰਿਪਲੇਅ ਦੀ ਸਹੂਲਤ ਦੇ ਕਾਰਨ ਪੁਆਇੰਟਾਂ ਉਤੇ ਉਠੇ ਹਰ ਵਿਵਾਦ ਦਾ ਹੱਲ ਨਿੱਕਲਦਾ ਰਿਹਾ। 5 ਆਬ ਦੀ ਇਸ ਕਵਰੇਜ ਨੂੰ ਦੁਨੀਆ ਭਰ ਵਿਚ ਲੱਖਾਂ ਲੋਕਾਂ ਨੇ ਦੇਖਿਆ।





## ਚੇਅਰਮੈਨ ਮੇਜਰ ਨੱਤ ਅਤੇ ਪ੍ਰਧਾਨ ਦਲਜੀਤ ਸਹੋਤਾ ਵੱਲੋਂ ਧੰਨਵਾਦ

ਕਲੱਬ ਦੇ ਚੇਅਰਮੈਨ ਮੇਜਰ ਨੱਤ ਅਤੇ ਦਲਜੀਤ ਸਹੋਤਾ ਨੇ ਇਸ ਟੂਰਨਾਮੈਟ ਨੂੰ ਕਾਮਯਾਬ ਕਰਨ ਲਈ ਆਪਣੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ। ਜਿਨ੍ਹਾਂ ਵਿਚ ਜਸਵਿੰਦਰ ਸ਼ੋਕਰ, ਬਲਵੀਰ ਰਾਏ, ਸੁਖਵਿੰਦਰ ਨੱਤ, ਜੁਝਾਰ ਸ਼ੋਕਰ, ਹਰਜੀਤ ਸਹੋਤਾ, ਕਰਮਜੀਤ ਸੁੰਨੜ, ਬੰਤ ਨਿੱਜਰ, ਬਲਵੰਤ ਸੰਧੂ, ਭਜਨ ਥਿੰਦ, ਸਰਦੂਲ ਥਿਆੜਾ, ਅਮਰਜੀਤ ਰਾਏ, ਜਗਦੀਸ਼ ਗਰੇਵਾਲ, ਅਮਰੀਕ ਗਿੱਲ, ਪੱਪੂ ਸੰਘੇੜਾ ਅਤੇ ਫੈਡਰੇਸਨ ਦੇ ਨੁਮਾਇੰਦੇ ਜਿੰਦਰ ਬੁੱਟਰ, ਬਿੱਲਾ ਸਿੱਧੂ, ਸੁੱਖਾ ਮਾਨ, ਦਲਬੀਰ ਖਹਿਰਾ, ਪਿੰਕੀ ਢਿੱਲੋ, ਅਵਤਾਰ ਸਿੰਘ ਪੂਨੀਆ, ਸਤਨਾਮ ਸਰਾਏ, ਰੈਬੋ ਸਿੱਧੂ, ਤੋਚੀ ਸੰਘਾ, ਸ਼ੇਰਾ ਮੰਡੇਰ, ਮਨਪ੍ਰੀਤ ਢੇਸੀ, ਬੀਰਾ ਉਪਲ ਅਤੇ ਹਰ ਇਕ ਮੈਬਰ ਦਾ ਤਹਿਦਿਲੋ ਧੰਨਵਾਦ ਕੀਤਾ। ਮੀਡੀਆ ਦੇ ਕੈਨੇਡੀਅਨ ਪੰਜਾਬੀ ਬਰਾਡਕਾਸਟਸ ਐਸੋਸੀਏਸ਼ਨ ਦੇ ਨਾਲ-ਨਾਲ ਸਾਰੇ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਅ ਜਿਸ ਵਿਚ ਖਾਸ ਤੌਰ ਉਤੇ 5 ਆਬ ਟੀਵੀ, ਸਰਦਾਰੀ ਟੀਵੀ, ਲਾਈਵ ਕਬੱਡੀ, ਪੀਟੀਸੀ, ਪ੍ਰਾਈਮ ਏਸ਼ੀਆ, ਚੈਨਲ ਪੰਜਾਬੀ, ਕਬੱਡੀ ਵਾਈਫਾਈ, ਗਾਉਦਾ ਪੰਜਾਬ ਟੀਵੀ, ਹਮਦਰਦ ਟੀਵੀ ਅਤੇ ਬਾਕੀ ਸਾਰੇ ਮੀਡੀਆ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਹਰ ਇਕ ਦਾ ਨਾਮ ਲਿਖਣਾ ਅਸੰਭਵ ਹੈ, ਪਰ ਹਰ ਇਕ ਦੇ ਪਾਏ ਯੋਗਦਾਨ ਦੇ ਅਸੀ ਸਦਾ ਰਿਣੀ ਰਹਾਂਗੇ।



ਟੂਰਨਾਮੈਂਟ ਦੌਰਾਨ ਲੋਕਾਂ ਦਾ ਇਕੱਠ